# I.K. GUJRAL PUNJAB TECHNICAL UNIVERSITY

*Estd. Under Punjab Technical University Act, 1996*
*(Punjab Act No. 1 of 1997)*

*Ref. No. : IKGPTU/Reg/NF/* 184 *Dated :* 30 */04/2019*

## ਨੋਟੀਫਿਕੇਸ਼ਨ

ਵਿਸ਼ਾ: **ਆਈ.ਕੇ.ਜੀ.ਪੀ.ਟੀ.ਯੂ. ਫਰੀਸ਼ਿਪ ਸਕੀਮ ਸਾਲ 2019-20 ਦੀਆਂ ਗਾਇਡਲਾਇਨਜ਼ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਮਾਣਯੋਗ ਉਪ-ਕੁਲਪਤੀ ਦੀ ਪ੍ਰਵਾਨਗੀ ਉਪਰੰਤ IKGPTU Main Campus & IKGPTU Constituent Campuses ਦੇ ਵਿਦਿਆਰਥੀਆਂ ਲਈ ਆਈ.ਕੇ.ਜੀ.ਪੀ.ਟੀ.ਯੂ. ਫਰੀਸ਼ਿਪ ਸਕੀਮ ਸਾਲ 2019-20 ਸ਼ੁਰੂ ਕੀਤੀ ਜਾਂਦੀ ਹੈ, ਜਿਸ ਦੀਆਂ ਗਾਇਡਲਾਇਨਜ਼ ਹੇਠ ਲਿਖੇ ਅਨੁਸਾਰ ਹਨ :-

1. ਆਈ.ਕੇ.ਜੀ.ਪੀ.ਟੀ.ਯੂ. ਫਰੀਸ਼ਿਪ ਸਕੀਮ ਸਾਲ 2019-20 ਅਧੀਨ Parent Less Student (PLS), Father Less Student (FLS), Special Abled Child ਅਤੇ Low Income Group Students (LIGS) ਨੂੰ ਲਾਭ ਦਿੱਤਾ ਜਾਵੇਗਾ **(ਇਹ ਸਕੀਮ ਸਿਰਫ IKGPTU Main Campus & IKGPTU Constituent Campuses ਦੇ ਵਿਦਿਆਰਥੀਆਂ ਉੱਪਰ ਲਾਗੂ ਹੋਵੇਗੀ )।**

2. ਆਈ.ਕੇ.ਜੀ.ਪੀ.ਟੀ.ਯੂ. ਫਰੀਸ਼ਿਪ ਸਕੀਮ 2019-20 ਸਕਾਲਰਸ਼ਿਪ ਲਈ 01 ਕਰੋੜ ਦੀ ਰਾਸ਼ੀ ਰੱਖੀ ਗਈ ਹੈ ਅਤੇ ਪੰਜਾਬ ਦੇ ਵਿਦਿਆਰਥੀਆਂ ਨੂੰ ਤਰਜੀਹ ਦਿੱਤੀ ਜਾਵੇਗੀ ਅਤੇ ਬਕਾਇਆ ਬਜਟ ਅਨੁਸਾਰ ਪੰਜਾਬ ਤੋਂ ਬਾਹਰਲੇ ਰਾਜਾਂ ਦੇ ਵਿਦਿਆਰਥੀਆਂ ਨੂੰ ਵਿਚਾਰਿਆ ਜਾਵੇਗਾ।

3. ਆਈ.ਕੇ.ਜੀ.ਪੀ.ਟੀ.ਯੂ. ਫਰੀਸ਼ਿਪ ਸਕੀਮ ਸਾਲ 2019-20 ਅਧੀਨ ਤਰਜ਼ੀਹ Parent Less Students (PLS) ਨੂੰ ਦਿੱਤੀ ਜਾਵੇਗੀ, ਉਸ ਤੋਂ ਬਾਅਦ Father Less Student (FLS) ਅਤੇ ਉਸ ਉਪਰੰਤ Special Abled Child ਨੂੰ ਤਰਜ਼ੀਹ ਦਿੱਤੀ ਜਾਵੇਗੀ। ਜੇਕਰ Parent Less Students (PLS) , Father Less Student (FLS) ਅਤੇ Special Abled Child ਕੈਟਾਰਗੀ ਅਧੀਨ ਸ਼ਕਾਲਰਸ਼ਿਪ ਲਈ ਰੱਖੀ ਗਈ 01 ਕਰੋੜ ਦੀ ਰਾਸ਼ੀ ਦੇ ਬੱਜਟ ਤੋਂ ਘੱਟ ਵਿਦਿਆਰਥੀ ਸਕਾਲਰਸ਼ਿਪ ਲਈ ਅਪਲਾਈ ਕਰਦੇ ਹਨ ਤਾਂ ਬਕਾਇਆ ਰਾਸ਼ੀ ਵਿੱਚੋਂ Low Income Group Students (LIGS) ਨੂੰ ਵੀ ਲਾਭ ਦਿੱਤਾ ਜਾਵੇਗਾ।

*I. K. Gujral Punjab Technical University, Jalandhar*
*Jalandhar Kapurthala Highway, Near Pushpa Gujral Science City, Kapurthala - 144 603*
*Ph. No. 01822 - 662521, 662501 Fax No. : 01822-255506, 662526, Email : registrar@ptu.ac.in*

4. ਜੇਕਰ ਸਕਾਲਰਸ਼ਿਪ ਲਈ ਰੱਖੀ ਗਈ 01 ਕਰੋੜ ਦੀ ਰਾਸ਼ੀ ਦੇ ਬੱਜਟ ਤੋਂ ਜਿਆਦਾ ਵਿਦਿਆਰਥੀ ਸਕਾਲਰਸ਼ਿਪ ਲਈ ਅਪਲਾਈ ਕਰਦੇ ਹਨ ਤਾਂ ਸਕਾਲਰਸ਼ਿਪ Merit ਦੇ ਅਧਾਰ ਤੇ ਦਿੱਤੀ ਜਾਵੇਗੀ।

5. ਉਪਰੋਕਤ ਕੈਟਾਗਰੀ ਦੇ ਵਿਦਿਆਰਥੀਆਂ ਦੀ ਪਰਿਵਾਰਕ ਸਲਾਨਾਂ ਆਮਦਨ 2.50 ਲੱਖ ਤੋਂ ਘੱਟ ਹੋਣੀ ਚਾਹੀਦੀ ਹੈ ਅਤੇ ਆਮਦਨ ਸਬੰਧੀ ਦਸਤਾਵੇਜ ਹੇਠ ਲਿਖੇ ਅਨੁਸਾਰ ਹੋਣਾ ਚਾਹੀਦਾ ਹੈ:-

   i. In case of land-owners certificate from Tehsildar.
   ii. In case of employees Certificate from employer or ITR or Form-16.
   iii. In case of running own business ITR or Form -16.
   iv. For non-land owners a self-declaration can be accepted.

6. ਵਿਦਿਆਰਥੀਆਂ ਨੂੰ ਕੋਰਸ ਅਨੁਸਾਰ ਸਿਰਫ ਟਿਊਸ਼ਨ ਫੀਸ ਦਾ ਹੀ ਲਾਭ ਦਿੱਤਾ ਜਾਵੇਗਾ।

7. Father Less Student (FLS) ਕੈਟਾਗਰੀ ਵਿੱਚ ਜੇਕਰ ਵਿਦਿਆਰਥੀ ਦੀ ਮਾਤਾ ਨੌਕਰੀ ਕਰਦੀ ਹੈ ਤਾਂ ਵਿਦਿਆਰਥੀ ਨੂੰ ਟਿਊਸ਼ਨ ਫੀਸ ਦਾ 50% ਦਾ ਹੀ ਲਾਭ ਦਿੱਤਾ ਜਾਵੇਗਾ।

8. ਗੁੰਮਸ਼ੁਦਾ ਅਤੇ ਤਲਾਕਸ਼ੁਦਾ ਕੇਸਾਂ ਵਿੱਚ Father Less Student (FLS) ਕੈਟਾਗਰੀ ਅਧੀਨ ਲਾਭ ਲੈਣ ਲਈ ਵਿਦਿਆਰਥੀਆਂ ਦੇ ਪਿਤਾ ਦੀ ਗੁੰਮਸ਼ੁਦਾ ਰਿਪੋਰਟ ਅਤ ਤਲਾਕ ਸਬੰਧੀ ਦਸਤਾਵੇਜ਼ ਜਮ੍ਹਾਂ ਕਰਵਾਉਣੇ ਜਰੂਰੀ ਹਨ।

9. Special Abled Child ਕੈਟਾਗਰੀ ਅਧੀਨ 40% ਜਾਂ ਉਸਤੋਂ ਜਿਆਦਾ Disable ਵਿਦਿਆਰਥੀਆਂ ਨੂੰ ਹੀ ਲਾਭ ਦਿੱਤਾ ਜਾਵੇਗਾ, ਜਿਸ ਸਬੰਧੀ Chief Medical Officer (CMO) ਵੱਲੋਂ ਜਾਰੀ Disability Certificate ਲਗਾਉਣਾ ਜ਼ਰੂਰੀ ਹੈ

10. ਜੇਕਰ ਵਿਦਿਆਰਥੀ ਕਿਸੇ ਹੋਰ ਸਕਾਲਰਸ਼ਿਪ ਸਕੀਮ ਅਧੀਨ ਸਕਾਲਰਸ਼ਿਪ ਲੈਂਦਾ ਹੈ ਤਾਂ ਉਸਨੂੰ ਆਈ.ਕੇ.ਜੀ.ਪੀ.ਟੀ.ਯੂ. ਫਰੀਸ਼ਿਪ ਸਕੀਮ ਦਾ ਲਾਭ ਨਹੀਂ ਦਿੱਤਾ ਜਾਵੇਗਾ।

11. ਯੂਨੀਵਰਸਿਟੀ ਕੈਂਪਸ ਦੀ ਜਿੰਮੇਵਾਰੀ ਹੋਵੇਗੀ ਕਿ ਕੈਂਪਸ ਵੱਲੋਂ ਬਣਾਈ ਕਮੇਟੀ ਵੱਲੋਂ ਸਾਰੇ ਦਸਤਾਵੇਜਾਂ ਦੀ ਤਸਦੀਕ ਕਰਨ ਉਪਰੰਤ ਯੋਗ ਵਿਦਿਆਰਥੀਆਂ ਦੇ ਹੀ ਕੇਸ ਸਹਾਇਕ ਰਜਿਸਟਰਾਰ, ਵਿਦਿਆਰਥੀ ਭਲਾਈ ਵਿਭਾਗ, ਆਈ.ਕੇ.ਜੀ.ਪੀ.ਟੀ.ਯੂ. ਨੂੰ ਭੇਜੇ ਜਾਣ।

12. ਆਈ.ਕੇ.ਜੀ.ਪੀ.ਟੀ.ਯੂ. ਫਰੀਸ਼ਿਪ ਸਕੀਮ ਸਾਲ 2019-20 ਅਧੀਨ ਯੂਨੀਵਰਸਿਟੀ ਵੱਲੋਂ ਨਿਰਧਾਰਿਤ ਕੀਤੀ ਮਿਤੀ ਤੱਕ ਪ੍ਰਾਪਤ ਯੋਗ ਵਿਦਿਆਰਥੀਆਂ ਦੇ ਤਸਦੀਕ ਕੀਤੇ ਹੋਏ ਬਿਨੈ ਪੱਤਰਾਂ ਨੂੰ ਵਿਚਾਰਿਆ ਜਾਵੇਗਾ ਅਤੇ ਨਿਰਧਾਰਿਤ ਕੀਤੀ ਮਿਤੀ ਤੋਂ ਬਾਅਦ ਪ੍ਰਾਪਤ ਹੋਣ ਵਾਲੇ ਬਿਨੈ ਪੱਤਰਾਂ ਨੂੰ ਨਹੀਂ ਵਿਚਾਰਿਆ ਜਾਵੇਗਾ।

13. IKGPTU Main Campus & IKGPTU Constituent Campuses ਦੇ ਵਿਦਿਆਰਥੀ ਜੋ ਖੇਡਾਂ ਦੇ ਖੇਤਰ ਵਿੱਚ ਰਾਜ ਪੱਧਰ ਤੇ ਪਹਿਲੀਆਂ 03 ਪੁਜ਼ੀਸ਼ਨਾਂ ਪ੍ਰਾਪਤ ਕਰਦੇ ਹਨ ਤਾਂ ਉਹਨਾਂ ਨੂੰ ਟਿਊਸ਼ਨ ਫੀਸ ਦਾ 25%, ਰਾਸ਼ਟਰੀ ਪੱਧਰ ਤੇ ਪਹਿਲੀਆਂ 03 ਪੁਜ਼ੀਸ਼ਨਾਂ ਪ੍ਰਾਪਤ ਕਰਨ ਵਾਲੇ ਨੂੰ ਟਿਊਸ਼ਨ ਫੀਸ ਦਾ 50% ਅਤੇ ਅੰਤਰ ਰਾਸ਼ਟਰੀ ਪੱਧਰ ਤੇ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਟਿਊਸ਼ਨ ਫੀਸ ਵਿੱਚ 100% ਛੋਟ ਦਿੱਤੀ ਜਾਵੇਗੀ।

14. ਆਈ.ਕੇ.ਜੀ.ਪੀ.ਟੀ.ਯੂ. ਫਰੀਸ਼ਿਪ ਸਕੀਮ ਅਧੀਨ ਸਾਲ 2019-20 ਤੋਂ ਲਾਭ ਦਿੱਤਾ ਜਾਵੇਗਾ ਅਤੇ ਸਾਲ 2015 ਤੋਂ 2018 ਤੱਕ ਵੱਖ-ਵੱਖ ਕਾਲਜਾਂ ਅਤੇ ਯੂਨੀਵਰਸਿਟੀ ਦੇ ਕੈਂਪਸਾਂ ਦੇ ਵਿਦਿਆਰਥੀਆਂ ਦੇ ਸਕਾਲਰਸ਼ਿਪ/Fee Consession ਸਬੰਧੀ ਵਿਦਿਆਰਥੀ ਭਲਾਈ ਵਿਭਾਗ ਨੂੰ ਵੱਖ-ਵੱਖ ਸਮੇਂ ਤੇ ਪ੍ਰਾਪਤ 23 ਬਿਨੈ ਪੱਤਰ ਇਸ ਸਬੰਧੀ ਕੋਈ ਪਾਲਿਸੀ ਨਾ ਹੋਣ ਕਾਰਣ ਸਮਰੱਥ ਅਧਿਕਾਰੀ ਵਲੋਂ Reject ਕੀਤੇ ਜਾ ਚੁੱਕੇ ਹਨ।

15. ਜੇਕਰ ਕਿਸੇ ਵਿਦਿਆਰਥੀ ਵੱਲੋਂ ਫਰਜ਼ੀ ਦਸਤਾਵੇਜਾਂ ਦੁਆਰਾ ਸਕਾਲਰਸ਼ਿਪ ਲਈ ਜਾਂਦੀ ਹੈ ਤਾਂ ਵਿਦਿਆਰਥੀ/ ਸਬੰਧਿਤ ਕੈਂਪਸ ਤੋਂ ਪੂਰੀ ਰਾਸ਼ੀ ਵਾਪਸ ਲਈ ਜਾਵੇਗੀ ਅਤੇ ਵਿਦਿਆਰਥੀ ਦਾ ਦਾਖਲਾ ਰੱਦ ਕਰ ਦਿੱਤਾ ਜਾਵੇਗਾ।

16. ਆਈ.ਕੇ.ਜੀ.ਪੀ.ਟੀ.ਯੂ. ਫਰੀਸ਼ਿਪ ਸਕੀਮ ਅਧੀਨ ਵਿਦਿਆਰਥੀਆਂ ਨੂੰ ਕੋਰਸ ਪੂਰਾ ਹੋਣ ਤੱਕ ਲਾਭ ਦਿੱਤਾ ਜਾਵੇਗਾ।

17. ਇਹ ਸਕੀਮ ਦਾ ਲਾਭ ਸਾਲ 2018-19 ਦੇ ਵਿਦਿਆਰਥੀਆਂ ਨੂੰ ਵੀ ਮਿਲੇਗਾ।

23/4/19
ਰਜਿਸਟਰਾਰ

ਪਿੱਠ ਅੰ:ਨੰ:/ਆਈ.ਕੇ.ਜੀ.ਪੀ.ਟੀ.ਯੂ./ਰਜਿ./ 185-187 ਮਿਤੀ: 30 /04/2019

1. ਇੰਚਾਰਜ ਸਕੱਤਰੇਤ, ਉਪ ਕੁਲਪਤੀ ਦਫਤਰ: ਉਪ ਕੁਲਪਤੀ ਜੀ ਦੀ ਜਾਣਕਾਰੀ ਹਿੱਤ।
2. ਸਮੂਹ ਵਿਭਾਗ ਮੁੱਖੀ (ਨਾਨ ਟੀਚਿੰਗ)
3. ਡਾਇਰੈਕਟਰ (ਮੇਨ ਕੈਂਪਸ): ਆਪ ਦੇ ਅਧੀਨ ਆਉਂਦੇ ਸਮੂਹ ਵਿਭਾਗ ਮੁੱਖੀਆਂ (ਟੀਚਿੰਗ) ਨੂੰ ਜਾਣੂ ਕਰਾਉਣ ਹਿੱਤ।

ਰਜਿਸਟਰਾਰ